## ਜਮੀਨ

ਖਾਰੀਆਂ, ਕਲਰਾਠੀਆਂ ਅਤੇ ਸੇਮ ਵਾਲੀਆਂ ਜਮੀਨਾਂ ਨੂੰ ਛੱਡ ਕੇ ਹੋਰ ਸਾਰੀਆਂ ਜਮੀਨਾਂ ਇਸ ਦੀ ਕਾਸ਼ਤ ਲਈ ਢੁੱਕਵੀਆਂ ਹਨ ।

## ਜਮੀਨ ਦੀ ਤਿਆਰੀ

ਖੇਤ ਨੂੰ 2-3 ਵਾਰ ਚੰਗੀ ਤਰ੍ਹਾਂ ਵਾਹੁਣਾ ਚਾਹੀਦਾ ਹੈ ਅਤੇ ਹਰ ਵਹਾਈ ਪਿੱਛੋਂ ਸੁਹਾਗਾ ਫੇਰੋ ।

## ਬਿਜਾਈ ਦਾ ਸਮਾਂ

ਨੀਮ ਪਹਾੜੀ ਇਲਾਕਿਆਂ ਵਿੱਚ ਇਸ ਦੀ ਬਿਜਾਈ ਅਕਤੂਬਰ ਦੇ ਦੂਜੇ ਪੰਦਰਵਾੜੇ ਤੇ ਬਾਕੀ ਇਲਾਕਿਆਂ ਵਿੱਚ ਅਖੀਰ ਅਕਤੂਬਰ ਤੋਂ ਨੰਵਬਰ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ। ਮਜਬੂਰੀ ਦੀ ਹਾਲਤ ਵਿੱਚ ਕੀਤੀ ਪਛੇਤੀ ਬਿਜਾਈ ਖਾਸ ਕਰਕੇ ਕੇਂਦਰੀ ਜਿਲ੍ਹਿਆਂ ਵਿੱਚ ਘੱਟ ਝਾੜ ਦਿੰਦੀ ਹੈ।

## ਬੀਜ ਦੀ ਸੋਧ

ਕੈਪਟਾਨ ਦਵਾਈ 2 ਗ੍ਰਾਮ ਪ੍ਰਤੀ ਕਿਲੋ ਬੀਜ ਨੂੰ ਲਾ ਕੇ ਸੋਧੋ ।

## ਬਿਜਾਈ ਦਾ ਢੰਗ

ਬਿਜਾਈ 22.5 ਸੈਂਟੀਮੀਟਰ ਦੀ ਵਿੱਥ ਦੀਆਂ ਕਤਾਰਾਂ ਵਿੱਚ ਕੇਰੇ ਜਾਂ ਪੋਰੇ ਨਾਲ ਕਰੋ । ਧਾਨ ਦੀ ਕਟਾਈ ਮਗਰੋਂ ਤੇ ਖੇਤ ਵਿੱਚ ਜ਼ਿਆਦਾ ਨਮੀ ਹੋਣ ਦੇ ਕਾਰਨ ਜੇ ਖੇਤ ਦੀ ਠੀਕ ਤਿਆਰੀ ਨਾ ਹੋ ਸਕੇ ਤਾਂ ਇਸ ਦੀ ਬਿਜਾਈ ਛੱਟੇ ਰਾਹੀਂ ਵੀ ਕੀਤੀ ਜਾ ਸਕਦੀ ਹੈ। ਪਿਛੇਤੀ ਬਿਜਾਈ ਦੀ ਹਾਲਤ ਵਿੱਚ ਕਤਾਰਾਂ ਵਿਚਾਲੇ ਫਾਸਲਾ ਘਟਾ ਕੇ 20 ਸੈਂਟੀਮੀਟਰ ਕਰ ਦਿਓ ।

## ਬੀਜ ਦੀ ਮਾਤਰਾ

ਪ੍ਰਤੀ ਏਕੜ ਬਿਜਾਈ ਲਈ 12-15 ਕਿਲੋਗ੍ਰਾਮ ਬੀਜ ਦੀ ਵਰਤੋਂ ਕਰੋ ।

## ਬੀਜ ਦਾ ਟੀਕਾ

ਮਸਰਾਂ ਦੇ ਬੀਜ ਨੂੰ ਬੀਜਣ ਤੋਂ ਪਹਿਲਾਂ ਟੀਕਾ ਜਰੂਰ ਲਾ ਲਓ। ਇੱਕ ਏਕੜ ਦੇ ਬੀਜ ਨੂੰ ਘੱਟ ਤੋਂ ਘੱਟ ਪਾਣੀ ਨਾਲ ਭਿਉਂ ਲਓ। ਟੀਕੇ ਦਾ ਇੱਕ ਪੈਕਟ ਇਸ ਭਿੱਜੇ ਹੋਏ ਬੀਜ ਵਿੱਚ ਰਲਾ ਦਿਓ। ਇਹ ਕੰਮ ਪੱਕੇ ਸਾਫ਼ ਫਰਸ਼ ਉਪਰ ਕਰੋ । ਇਸ ਬੀਜ ਨੂੰ ਛਾਂ ਵਿੱਚ ਸੁਕਾ ਲਓ ਅਤੇ ਤੁਰੰਤ ਬੀਜ ਦਿਓ । ਇਸ ਟੀਕੇ ਦੀ ਵਰਤੋਂ ਨਾਲ ਮਸਰਾਂ ਦੀ ਉਪਜ ਵਿੱਚ 12-15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ। ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਿਆਲੋਜੀ ਵਿਭਾਗ ਤੋਂ ਮਿਲਦਾ ਹੈ।